ਪੰਜਾਬੀ ਜਾਗਰਣ
ਜਲੰਧਰ 22 ਜੂਨ, 2013
www.punjabijagran.cor

# ਲਗਜ਼ਮਬਰਗ ’ਚ ਸਨਅਤਾਂ ਲਗਾਉਣ ਦਾ ਸੱਦਾ

- **ਰਾਜਦੂਤ ਨੇ ਕਿਹਾ ਲਗਜ਼ਮਬਰਗ ਸਨਅਤਾਂ ਲਗਾਉਣ ਲਈ ਨਿਯਮ ਵੀ ਸਖਤ ਨਹੀਂ ਹਨ**




**ਜਲੰਧਰ ਵਿਖੇ ਲਗਜ਼ਮਬਰਗ ਦੇ ਰਾਜਦੂਤ ਗੌਸਟਨ ਆਪਣੇ ਦੇਸ਼ ’ਚ ਪ੍ਰਾਪਰਟੀ ਨਿਵੇਸ਼ ਕਰਨ ਬਾਰੇ ਜਾਣਕਾਰੀ ਦਿੰਦੇ ਹੋਏ। ਤਸਵਰੀ ’ਚ ਈਈਪੀਸੀ ਦੇ ਡਿਪਟੀ ਡਾਇਰੈਕਟਰ ਓਪਿੰਦਰਜੀਤ ਸਿੰਘ ਤੇ ਪੀਐਚਡੀ ਚੈਂਬਰ ਇੰਡਸਟਰੀ ਦੇ ਡਾਇਰੈਕਟਰ ਦਲੀਪ ਸ਼ਰਮਾ।** ਪੰਜਾਬੀ ਜਾਗਰਣ

**ਪੱਤਰ ਪ੍ਰੇਰਕ, ਜਲੰਧਰ** : ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਅਤੇ ਈਈਪੀਸੀ ਨੇ ਸਾਂਝੇ ਤੌਰ ’ਤੇ ਇੱਕ ਸਥਾਨਕ ਹੋਟਲ ਵਿਚ ‘ਇਨਵੈਸਟਮੈਂਟ ਅਪਰਚਿਊਨਿਟੀ ਇਨ ਲਗਜ਼ਮਬਰਗ’ ਵਿਸ਼ੇ ’ਤੇ ਇੱਕ ਸੈਮੀਨਾਰ ਕਰਵਾਇਆ ਜਿਸ ਵਿਚ ਲਗਜ਼ਮਬਰਗ ਦੇ ਰਾਜਦੂਤ ਗੌਸਟਨ ਸਟਰੋਂਕ ਮੁੱਖ ਵਕਤਾ ਸਨ। ਗੋਸਟਨ ਨੇ ਇੰਡਸਟਰੀ ਨਾਲ ਜੁੜੇ ਲੋਕਾਂ ਨੂੰ ਉਨ੍ਹਾਂ ਦੇ ਦੇਸ਼ ਵਿਚ ਇੰਡਸਟਰੀ, ਵੇਅਰ ਹਾਊਸ ਅਤੇ ਪ੍ਰਾਪਰਟੀ ਇਨਵੈਸਟਮੈਂਟ ਕਰਨ ਲਈ ਕਿਹਾ। ਦੁਨੀਆ ਦੇ ਅਮੀਰ ਦੇਸ਼ਾਂ ਵਿਚ ਲਗਜ਼ਮਬਰਗ ਦਾ ਨਾਂਅ ਵੀ ਸ਼ੁਮਾਰ ਹੈ। ਇੰਡਸਟਰੀ ਨੂੰ ਯੂਰਪੀ ਯੂਨੀਅਨ ਵਿਚ ਐਂਟਰੀ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਦੱਸਿਆ ਕਿ ਪ੍ਰਾਪਰਟੀ ਇਨਵੈਸਟ ਕਰਨ ਲਈ ਓਥੇ ਜ਼ਮੀਨ ਵਾਧੂ ਹੈ ਤੇ ਸਨਅਤਾਂ ਲਗਾਉਣ ਲਈ ਨਿਯਮ ਵੀ ਸਖਤ ਨਹੀਂ ਹਨ।

ਟੂਰਿਜ਼ਮ ਤੇ ਆਈਟੀ ਸੈਕਟਰ ਵਿਚ ਦੇਸ਼ ਨੇ ਤਰੱਕੀ ਕੀਤੀ ਹੈ। ਇਸ ਦੌਰਾਨ ਇੰਡਸਟਰੀ ਦੇ ਲੋਕਾਂ ਨੇ ਲਗਜ਼ਮਬਰਗ ਦੇਸ਼ ਵਿਚ ਪ੍ਰਾਪਰਟੀ ਇਨਵੈਸਟ ਕਰਨ ਦੀ ਸਕਿਉਰਿਟੀ ਮੰਗੀ। ਗੌਸਟਨ ਨੇ ਦੱਸਿਆ ਕਿ ਦੇਸ ਦੇ ਨਾਲ ਫਰਾਂਸ, ਜਰਮਨੀ, ਆਸਟ੍ਰੀਆ, ਬੁਲਗਾਰੀਆ ਦੀ ਸਰਹੱਦ ਲੱਗਦੀ ਹੈ। ਯੂਰਪੀ ਦੇਸ਼ਾਂ ਵਿਚ ਲੋਕ ਰੁਪਏ ਇਨਵੈਸਟ ਕਰ ਸਕਦਾ ਹਨ। ਇਸ ਮੌਕੇ ਵਿਕਟਰ ਟੂਲਜ਼ ਦੇ ਐਮਡੀ ਅਸ਼ਵਨੀ ਸ਼ਰਮਾ, ਅਜੇ ਇੰਡਸਟਰੀ ਦੇ ਐਮਡੀ ਅਜੇ ਗੋਸਵਾਮੀ, ਜੇਐਮਪੀ ਇੰਡਸਟਰੀ ਦੇ ਐਮਡੀ ਬਲਰਾਮ ਕਪੂਰ, ਓਂਕਾਰ ਸਿੰਘ, ਜਗਤਾਰ ਸਿੰਘ ਅਤੇ ਹੋਰ ਅਨੇਕਾਂ ਪਤਵੰਤੇ ਹਾਜ਼ਰ ਸਨ।